بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.08.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜਲਸਾ ਸਾਲਾਨਾ ਦੇ ਉਦੇਸ਼ਿਆਂ ਵਿੱਚੋਂ ਇਕ ਉਦੇਸ਼ ਇਹ ਵੀ ਹੈ ਕਿ ਅਜਿਹਾ ਭਾਈਚਾਰਾ ਅਤੇ ਸ਼ੁਕਰਾਨੇ ਦੀਆਂ ਭਾਵਨਵਾਂ ਇਕ ਦੂਜੇ ਲਈ ਪੈਦਾ ਹੋਣ ਜੋ ਉਧਾਰਣ ਯੋਗ ਹੋਣ**

---------------------------------------

**ਜਲਸਾ ਸਾਲਾਨਾ ਬਰਤਾਨੀਆਂ ਦਾ ਸ਼ਫ਼ਲ ਆਯੋਜਨ ਅਤੇ ਜਲਸੇ ਵਿੱਚ ਭਾਗ ਲੈਂਣ ਵਾਲੇ ਮਹਿਮਾਨਾ ਦੇ ਇਮਾਨ ਵਧਾਉ ਵਿਚਾਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 4 ਅਗਸਤ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

**ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :**

ਰੱਬ ਦੀ ਅਪਾਰ ਕ੍ਰਿਪਾ, ਮਿਹਰ ਤੇ ਉਪੱਕਾਰ ਹੈ ਕਿ ਜਮਾਤ ਅਹਮਦੀਆ ਬਰਤਾਨੀਆ ਦਾ ਸਾਲਾਨਾ ਜਲਸਾ ਬੀਤੇ ਸਪਤਾਹ ਸਫ਼ਲਤਾ ਨਾਲ ਆਯੋਜਤ ਹੋਇਆ । ਜਲਸਾ ਸਾਲਾਨਾ ਦੇ ਤਿੰਨੇ ਦਿਨਾਂ ਵਿੱਚ ਅਸੀਂ ਰੱਬ ਦੀਆਂ ਮਿਹਰਾਂ ਤੇ ਬਰਕਤਾਂ ਦੇ ਨਜ਼ਾਰੇ ਦੇਖੇ ਅਤੇ ਹਰ ਸ਼ਾਮਲ ਹੋਣ ਵਾਲੇ ਨੇ ਅਨੁਭਵ ਕੀਤਾ ਕਿ ਰੱਬ ਦੀ ਸਹਾਇਤਾ ਤੇ ਮਿਹਰ ਹਰ ਪਲ ਵਾਪਰ ਰਹੀ ਸੀ । ਸੋ, ਇਸ ਗੱਲ'ਤੇ ਅਸੀਂ ਰੱਬ ਦਾ ਜਿੰਨ੍ਹਾ ਸ਼ੁਕਰ ਕਰੀਏ ਘੱਟ ਹੈ। ਇਹ ਸ਼ੁਕਰਾਗ਼ੁਜ਼ਾਰੀ ਕਾਰਕੁਨਾ (ਸੇਵਕਾਂ) ਵੱਲੋਂ ਵੀ ਹੋਣੀ ਚਾਹੀਦੀ ਹੈ ਅਤੇ ਭਾਗ ਲੈਂਣ ਵਾਲਿਆਂ ਵੱਲੋਂ ਵੀ ਸ਼ੁਕੁਰਾਨਾ ਹੋਣਾ ਚਾਹੀਦਾ ਹੈ ਤਾਂ ਜੋ ਉਹ ਵੀ ਵੱਧ ਤੋਂ ਵੱਧ ਰੱਬ ਦੀਆਂ ਮਿਹਰਾਂ ਨੂੰ ਸਮੋਹਣ ਵਾਲੇ ਹੋਣ ਭਾਵ ਜੋ ਸੇਵਾ ਉਪੱਰ ਨਿਯੁਕਤ ਸਨ, ਕਾਰਕੁਨ ਸਨ ਉਹਨਾਂ ਦਾ ਵੀ ਉਹਨਾਂ ਲੋਕਾਂ ਨੂੰ ਜੋ ਸ਼ਾਮਲ ਹੋਏ ਧੰਨਵਾਦੀ ਹੋਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਲਸਾ ਸਾਲਾਨਾ ਦੇ ਉਦੇਸ਼ਿਆਂ ਵਿੱਚੋਂ ਇਕ ਇਹ ਵੀ ਉਦੇਸ਼ ਹੈ ਕਿ ਅਜਿਹਾ ਭਾਈਚਾਰਾ ਤੇ ਸ਼ੁਕਰਾਨੇ ਦੀਆਂ ਭਾਵਨਾਵਾਂ ਇਕ ਦੂਜੇ ਲਈ ਪੈਦਾ ਹੋਣ ਜੋ ਉਧਾਰਣ ਯੋਗ ਹੋਣ। ਰੱਬ ਦੀ ਮਿਹਰ ਨਾਲ ਇਹੋ ਪ੍ਰੇਮ ਪਿਆਰ ਤੇ ਭਾਈਚਾਰੇ ਦੀਆਂ ਭਾਵਨਾਵਾਂ ਹਨ ਜਿੰਨ੍ਹਾ ਦਾ ਪ੍ਰਗਟਾਵਾ ਅਸੀਂ ਆਪਣਿਆਂ ਤੇ ਗ਼ੈਰਾਂ ਨਾਲ ਕਰ ਰਹੇ ਹੋਈਏ ਤਾਂ ਇਹੋ ਚੀਜ਼ ਹਰ ਆਉਣ ਵਾਲੇ ਮਹਿਮਾਨ ਨੂੰ ਪ੍ਰਭਾਵਤ ਕਰ ਰਹੀ ਹੁੰਦੀ ਹੈ ਧਾਰਮਕ ਤੇ ਵਿਦਿਅਕ ਪ੍ਰੋਗਰਾਮਾ ਤੋਂ ਬਿਨਾਂ ਹਰ ਅਹਮਦੀ ਦਾ ਅਮਲੀ ਨਮੂਨਾ ਹਰ ਆਉਣ ਵਾਲੇ ਨੂੰ ਅਤਿਅੰਤ ਪ੍ਰਭਾਵਤ ਕਰ ਰਿਹਾ ਹੁੰਦਾ ਹੈ ਜਿਸ ਦਾ ਉਹ ਪ੍ਰਗਟਾਵਾ ਕਰਦੇ ਹਨ ਕਿ ਇਸਲਾਮ ਦੀ ਹਕੀਕੀ ਸਿੱਖਿਆ ਦਾ ਨਮੂਨਾ ਸਾਨੂੰ ਅੱਜ ਇਸ ਜਲਸੇ ਵਿੱਚ ਦਿਖਾਈ ਦਿੱਤਾ ਹੈ ਜਿਸ ਤੋਂ ਅਸੀਂ ਬਹੁਤ ਪ੍ਰਭਾਵਤ ਹੋਏ ਹਾਂ । ਆਉਣ ਵਾਲੇ ਗ਼ੈਰ ਮਹਿਮਾਨ ਜੋ ਹਨ ਉਹ ਆਪਣੇ ਪ੍ਰਭਾਵਤ ਹੋਣ ਦੀਆਂ ਭਾਵਨਾਵਾ ਦਾ ਪ੍ਰਗਟਾਵਾ ਵੀ ਕਰ ਰਹੇ ਹਨ । ਇਸ ਸਮੇਂ ਮੈਂ ਕੁਝ ਇਕ ਦੇ ਭਾਵਨਾਤਮਕ ਵਿਚਾਰ ਵਰਨਣ ਕਰਾਂਗਾ ਜੋ ਉਹਨਾਂ ਨੇ ਵਾਤਾਵਰਣ (ਮਹੌਲ) ਨੂੰ ਦੇਖਕੇ ਵਰਨਣ ਕੀਤੇ ਹਨ ਅਤੇ ਖੁਲੱਕੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਹੈ ਕਿ ਜੇਕਰ ਇਹ ਇਸਲਾਮੀ ਸਿੱਖਿਆ ਹੈ ਤਾਂ ਇਸ ਸਿੱਖਿਆ ਦੀ ਦੁਨੀਆ ਵਿੱਚ ਫੈਲਣ ਦੀ ਲੋੜ ਹੈ ।

ਬੈਨਨ ਤੋਂ ਸਾਬਕਾ ਵਿਦੇਸ਼ ਮੰਤਰੀ ਤੇ ਰਾਸ਼ਟਰਪਤੀ ਦੀ ਸਲਾਹਕਾਰ ਮਰਯੱਮ ਬੋਨੀ ਸਾਹਿਬਾ ਕਹਿੰਦੀ ਹਨ ਕਿ ਮੈਨੂੰ ਇਸ ਜਲਸੇ ਰਾਹੀਂ ਜਮਾਤ ਅਹਦਮੀਆ ਨੂੰ ਡੂੰਘਿਆਈ ਨਾਲ ਸਮਝਣ ਦਾ ਮੌਕਾ ਮਿਲਿਆ ਹੈ । ਮੈਂ ਜਲਸੇ ਦੇ ਪ੍ਰਬੰਧਾ ਤੋਂ ਬਹੁਤ ਪ੍ਰਭਾਵਤ ਹਾਂ । ਕਾਰਕੁਨਾਂ ਦਾ ਪ੍ਰਬੰਧੀ ਮਿਆਰ ਬਹੁਤ ਬੁਲੰਦ ਸੀ ਉਹਨਾਂ ਦਾ ਆਚਰਣ ਤੇ ਸਚੱਾਈ ਦੇਖਕੇ ਮੈਂ ਹੈਰਾਨ ਰਹਿ ਗਈ । ਮੈਂ ਪ੍ਰਬੰਧਕੀ ਤੌਰ'ਤੇ ਹਰ ਪੱਖੋਂ ਜਾਇਜ਼ਾ ਲਿਆ, ਕਹਿੰਦੀ ਹਨ ਕਿ ਐਨ੍ਹੇ ਵੱਡੇ ਜਲਸੇ ਵਿੱਚ ਕੋਈ ਨੁਕਸ ਦਿਖਾਈ ਨਹੀਂ ਦਿੱਤਾ। ਕਹਿੰਦੀ ਹਨ ਕਿ ਜੱਦ ਮੈਂ ਕਾਰਕੁਨਾ ਵੱਲ ਦੇਖਦੀ ਤਾਂ ਅਨੁਭਵ ਕਰਦੀ ਕਿ ਕੀ ਛੋਟਾ ਤੇ ਕੀ ਵਡੱਾ, ਬੁਢੱਾ, ਜਵਾਨ, ਪੁਰੁਸ਼ ਤੇ ਇਸਤਰੀ ਭਾਵ ਹਰ ਤਬਕੇ ਦੇ ਲੋਕ ਦੂਜਿਆਂ ਨੂੰ ਆਰਾਮ ਪਹੁੰਚਾਉਣ ਵਿੱਚ ਜਤਨਸ਼ੀਲ ਸਨ । ਹਰ ਕੋਈ ਆਪਣਾ ਆਰਾਮ ਭੁਲਾਕੇ ਦੂਜਿਆਂ ਨੂੰ ਆਰਾਮ ਤੇ ਸਹੂਲਤ ਪਹੁੰਚਾਉਣ ਲਈ ਤਿਆਰ ਸੀ । ਕਹਿੰਦੀ ਹਨ ਕਿ ਉਹ ਇਸਲਾਮ ਜੋ ਅਹਮਦੀਅਤ ਪੇਸ਼ ਕਰਦੀ ਹੈ, ਉਹੋ ਹੀ ਦੁਨੀਆ ਨੂੰ ਅਮਨ ਦੇ ਸਕਦਾ ਹੈ ਅਤੇ ਦੁਨੀਆ ਦੀਆਂ ਸਮੱਸਿਆਵਾਂ ਦਾ ਹਲ ਇਸੇ ਵਿੱਚ ਹੈ । ਫਿਰ ਕਹਿੰਦੀ ਹਨ ਕਿ ਇਮਾਮ ਜਮਾਤ ਅਹਮਦੀਆ ਦਾ ਜੋ ਇਸਤਰੀਆਂ ਨੂੰ ਸੰਬੋਧਨ ਸੀ ਉਸ ਨੇ ਸੋਚ ਉਪੱਰ ਡੂੰਘੇ ਪੂਰਨੇ ਪਾਏ ਹਨ । ਬਾਕੀ ਮੁਸਲਮਾਨ ਜੱਥੇਬੰਦੀਆਂ ਅਨੁਸਾਰ ਇਸਤਰੀ ਦੀ ਅਵਸਥਾ ਇਕ ਗ਼ੁਲਾਮ ਤੋਂ ਵੱਧ ਨਹੀਂ ਹੈ ਪਰ ਇਮਾਮ ਜਮਾਤ ਅਹਮਦੀਆ ਨੇ ਇਸਤਰੀਆਂ ਦੇ ਭਾਸ਼ਣ ਵਿੱਚ ਇਸਤਰੀਆਂ ਨੂੰ ਮੁਅਲੱਮਾ (ਅਧਿਕਆਪਕ) ਕਰਾਰ ਦਿੱਤਾ ਅਤੇ ਉਸ ਦੇ ਕਰਤਵਾਂ ਵਿੱਚ ਆਉਣ ਵਾਲੀਆਂ ਨਸਲਾਂ ਦੀ ਤਰਬੀਯਤ ਤੇ ਸਿੱਖਿਆ ਨੂੰ ਸ਼ਾਮਲ ਕੀਤਾ ਹੈ ਜੋ ਦੁਨੀਆ ਦਾ ਭਵਿੱਖ ਹੈ ।

ਫਿਰ ਗੋਏਟੇਮਾਲਾ ਦੇ ਨੈਸ਼ਨਲ ਪਾਰਲੀਮੈਂਟ ਦੀ ਮੈਂਬਰ ਐਲੀਨਾ ਕੇਲਸ ਆਪਣੇ ਵਿਚਾਰਾਂ ਰੱਖਦਿਆਂ ਹੋਇਆ ਪ੍ਰਕਟ ਕੀਤਾ ਕਿ ਜਲਸੇ ਵਿੱਚ ਸ਼ਮਾਲ ਹੋਣਾ ਇਕ ਬਹੁਤ ਹੀ ਅਦਭੁਤ ਤੇ ਹੈਰਾਨ ਕਰ ਦੇਣ ਵਾਲਾ ਤਜਰਬਾ ਸੀ, ਇਸਲਾਮ ਧਰਮ ਤੇ ਜਮਾਤ ਅਹਮਦੀਆ ਬਾਰੇ ਮੇਰੇ ਵਿਚਾਰਾਂ ਵਿੱਚ ਜ਼ਬਰਦਸਤ ਤਬਦੀਲੀ ਹੋਈ ਹੈ। ਮੀਡੀਆ ਨੇ ਇਸਲਾਮ ਬਾਰੇ ਬਹੁਤ ਸਾਰੀਆਂ ਗ਼ਲਤ ਤੇ ਖ਼ੌਫ਼ਨਾਕ ਕਲਪਨਾਵਾਂ ਪੈਦਾ ਕੀਤੀਆਂ ਹੋਈਆਂ ਹਨ ਕਿ

ਇਸਲਾਮ ਕਟੱੜਤਾ, ਆਤੰਕ ਤੇ ਨਫ਼ਰਤ ਦੀ ਸਿੱਖਿਆ ਦਿੰਦਾ ਹੈ ਪਰ ਸਾਨੂੰ ਇਸ ਜਲਸੇ ਵਿੱਚ ਇਸਲਾਮ ਦੀ ਹਕੀਕੀ ਤੇ ਅਮਨ ਭਰਪੂਰ ਸਿੱਖਿਆ ਦਾ ਅਮਲੀ ਚਿਤੱਰ ਦੇਖਣ ਦਾ ਸੁਅਵਸਰ ਪ੍ਰਾਪਤ ਹੋਇਆ ਹੈ। ਹਜ਼ਾਰਾਂ ਮਹਿਮਾਨਾ ਦੀ ਸੇਵਾ ਜੋ ਕਾਰਕੁਨ ਕਰ ਰਹੇ ਸਨ ਇਕ ਅਦਭੁੱਤ ਦ੍ਰਿਸ਼ ਸੀ, ਕਹਿੰਦੀ ਹਨ ਕਿ ਹੁਣ ਮੈਂ ਇਸਲਾਮ ਦੀ ਪੁਰਅਮਨ ਅਤੇ ਸੁੰਦਰ ਸਿੱਖਿਆ ਦੀ ਕਲਪਨਾ ਲੈਕੇ ਵਾਪਸ ਜਾ ਰਹੀ ਹਾਂ ।

ਇਸ ਪ੍ਰਕਾਰ ਕੋਸਟਾਰੀਕਾ ਦੀ ਨੈਸ਼ਨਲ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਰੀਜੀਵ ਮਾਯਾ ਜਲਸੇ ਵਿੱਚ ਸ਼ਾਮਲ ਹੋਏ । ਕਹਿੰਦੇ ਹਨ ਕਿ ਮੈਂ ਇਸ ਜਲਸੇ ਰਾਹੀਂ ਇਸਲਾਮ ਦਾ ਨਵਾਂ ਰੂਪ ਦੇਖਿਆ ਹੈ, ਮੁਸਲਮਾਨਾ ਦੀ ਇਕ ਅਜਿਹੀ ਜਮਾਤ ਦੇਖੀ ਜੋ ਆਪਸੀ ਪ੍ਰੇਮ ਤੇ ਭਾਈਚਾਰੇ ਵਿੱਚ ਅਦੁੱਤੀ ਹੈ। ਜੋ ਆਪਣੇ ਇਮਾਨ ਦਾ ਅਮਲੀ ਚਿਤੱਰਣ ਪੇਸ਼ ਕਰਦੀ ਹੈ । ਮੈਂ ਵਾਪਸ ਜਾਕੇ ਆਪਣੇ ਖੇਤਰ ਦੇ ਲੋਕਾਂ ਤੇ ਵਿਦਿਆਰਥੀਆਂ ਨੂੰ ਦਸੱਾਂਗਾ ਕਿ ਜਮਾਤ ਅਹਮਦੀਆ ਇਸਲਾਮ ਦੀ ਵਾਸਤਵਿਕ ਤੇ ਸੁੰਦਰ ਸਿੱਖਿਆ ਨੂੰ ਅਮਲੀ ਰੂਪ ਵਿੱਚ ਪੇਸ਼ ਕਰਦੀ ਹੈ ਅਤੇ ਜੋ ਵਾਸਤਵ ਵਿੱਚ ਆਪਣੇ ਮਾਟੋ ਉਪੱਰ ਅਮਲ ਕਰਦੀ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਅਜਿਹੇ ਲੋਕ ਆਉਣ ਵਾਲੇ ਸਾਡੇ ਪ੍ਰਚਾਰ ਦਾ ਵੀ ਸਾਧਨ ਬਣ ਜਾਂਦੇ ਹਨ ।

ਫਿਰ ਕੋਸਟਾਰੀਕਾ ਦੀ ਮੈਂਬਰ ਪਾਰਲੀਮੈਂਟ ਦੇ ਸਲਾਹਕਾਰ ਡਿਗਲਸ ਮੋਂਟੀ ਰੂਸੋ ਸਾਹਬ ਕਹਿੰਦੇ ਹਨ ਕਿ ਮੈਂ ਜਲਸਾ ਸਾਲਾਨਾ ਵਿੱਚ ਇਮਾਮ ਜਮਾਤ ਅਹਮਦੀਆ ਦੇ ਭਾਸ਼ਣ ਬਹੁਤ ਗ਼ੌਰ ਤੇ ਧਿਆਨ ਨਾਲ ਸੁਣੇ, ਉਹਨਾਂ ਦੀ ਇਸ ਨਸੀਹਤ ਨੇ ਮੈਂਨੂੰ ਬਹੁਤ ਪ੍ਰਭਾਵਤ ਕੀਤਾ ਕਿ ਆਪਣੇ ਦੁਸ਼ਮਣਾ ਨੂੰ ਮੁਆਫ਼ ਕਰਨ ਅਤੇ ਉਹਨਾਂ ਲਈ ਦੁਆ ਕਰਨ ਨਾਲ ਮਨ ਕੀਨਿ ਤੇ ਸਾੜੇ ਤੋਂ ਪਾਕ ਹੋ ਜਾਂਦਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਉਹ ਸਿੱਖਿਆ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦਿੱਤੀ ਅਤੇ ਕਹਿੰਦੇ ਹਨ ਕਿ ਇਹੋ ਚੀਜ਼ ਹੈ ਜੋ ਦੁਨੀਆ ਵਿੱਚ ਅਮਨ ਦੀ ਸਥਾਪਨਾ ਦਾ ਸਾਧਨ ਹੋ ਸਕਦੀ ਹੈ ਅਤੇ ਇਹਨਾਂ ਭਾਸ਼ਣਾ ਤੋਂ ਮੈਂਨੂੰ ਆਤਮਕ ਤੇ ਅਮਲੀ ਰੂਪ ਵਿੱਚ ਬਹੁਤ ਲਾਭ ਪਹੁੰਚਿਆ ਹੈ ਅਤੇ ਇਸਲਾਮ ਦੀ ਹਕੀਕੀ ਸਿੱਖਿਆ ਅਤੇ ਉਹਨਾਂ ਦਾ ਅਮਲੀ ਨਮੂਨਾ ਇਸ ਜਲਸੇ ਵਿੱਚ ਦੇਖਣ ਨੂੰ ਮਿਲਿਆ ਹੈ ।

ਇਕ ਕ੍ਰੋਸ਼ੀਅਨ ਇਸਤਰੀ ਕੈਟਰੀਨਾ ਸਾਲਕ ਸਾਹਿਬਾ ਜਲਸੇ ਵਿੱਚ ਸ਼ਾਮਲ ਹੋਈ ਸਨ ਕਹਿੰਦੀ ਹਨ ਕਿ ਮੈਂ ਪਹਿਲਾਂ ਚਰਚ ਵਿੱਚ ਨਨ ਸੀ ਹੁਣ ਸਚੱਾਈ ਦੀ ਖੋਜ ਵਿੱਚ ਹਾਂ। ਕਹਿੰਦੀ ਹਨ ਜਲਸੇ ਦੇ ਮਹੌਲ ਅਤੇ ਏਥੇ ਲਾਈਆਂ ਗਈਆਂ ਨੁਮਾਇਸ਼ਾਂ ਅਤੇ ਜਮਾਤ ਬਾਰੇ ਹੋਰਨਾ ਜਾਨਕਾਰੀ ਨੇ ਮੇਰੀ ਸੋਚ ਨੂੰ ਬਹੁਤ ਚਾਨ੍ਹਣਾ ਪ੍ਰਦਾਨ ਕੀਤਾ ਹੈ ਮੈਂਨੂੰ ਲਗਦਾ ਹੈ ਕਿ ਸੰਭਤਾ ਹੁਣ ਛੇਤੀ ਹੀ ਸਚੱਾਈ ਦੀ ਖੋਜ ਆਪਣੇ ਟੀਚੇ ਨੂੰ ਪ੍ਰਾਪਤ ਕਰ ਲਏਗੀ, ਕਹਿੰਦੀ ਹਨ ਕਿ ਇਮਾਮ ਜਮਾਤ ਅਹਮਦੀਆ ਦੇ ਭਾਸ਼ਣਾ ਨੇ ਮੇਰੀ ਸੋਚ ਉਪੱਰ ਬਹੁਤ ਡੂੰਘਾ ਪ੍ਰਭਾਵ ਛੱਡਿਆ ਹੈ ।

ਕ੍ਰੋਸ਼ੀਆ ਤੋਂ ਇਕ ਜੋੜਾ ਆਇਆ ਸੀ ਪਿਛੱਲੇ ਸਾਲ, ਵੱਡੀ ਉਮਰ ਦੇ ਹਨ ਇਸ ਸਾਲ ਵੀ ਸ਼ਾਮਲ ਹੋਏ । ਮੈਂਨੂੰ ਉਹਨਾਂ ਨੇ ਮੁਲਾਕਾਤ ਵਿੱਚ ਕਿਹਾ ਕਿ ਪਿਛੱਲੇ ਸਾਲ ਅਸੀਂ ਇਕ ਸਾਧਾਰਣ ਮੁਸਲਮਾਨ ਦੇ ਰੂਪ ਵਿੱਚ ਸ਼ਾਮਲ ਹੋਏ ਸਨ ਅਤੇ ਇਸ ਸਾਲ ਅਸੀਂ ਅਹਮਦੀ ਮੁਸਲਮਾਨ ਦੀ ਹੈਸੀਯਤ ਨਾਲ ਜਲਸੇ ਵਿੱਚ ਸ਼ਾਮਲ ਹੋਏ ਹਾਂ।

ਹਜ਼ੂਰ ਨੇ ਅਨੇਕਾਂ ਹੀ ਮਹਿਮਾਨਾਂ ਦੇ ਵਿਚਾਰ ਵਰਨਣ ਕੀਤੇ ਅਤੇ ਫ਼ਰਮਾਇਆ : ਇਹ ਜੋ ਗ਼ੈਰਾਂ'ਤੇ ਪ੍ਰਭਾਵ ਹੁੰਦਾ ਹੈ ਸਾਡੀ ਜਮਾਤ ਦਾ, ਇਸ ਸਾਧਾਰਣ ਅਵਸਥਾ ਵਿੱਚ ਵੀ ਕਾਇਮ ਰਖੱਣ ਦਾ ਜਤਨ ਕਰਨਾ ਚਾਹੀਦਾ ਹੈ ।

ਇਹ ਬਹੁਤ ਵੱਡੀ ਜ਼ਿੰਮਾਦਾਰੀ ਹੈ ਹਰ ਅਹਮਦੀ ਦੀ ਕਿ ਕੇਵਲ ਕੁਝ ਦਿਨਾਂ ਲਈ ਦਿਖਾਵਾ ਨ ਹੋਵੇ ਸਗੋਂ ਹਮੇਸ਼ਾਂ ਲਈ ਇਕ ਅਸਰ ਕਾਇਮ ਰਹਿਣ ਵਾਲਾ ਹੋਵੇ ।

ਹਜ਼ੂਰ ਨੇ ਫ਼ਰਮਾਇਅਮਾ : ਇਹ ਕੁਝ ਵਿਚਾਰ ਸਨ ਗ਼ੈਰਾਂ ਦੇ, ਫ਼ਰਮਾਇਆ : ਕੁਝ ਮੁਸਲਮਾਨ ਵੀ ਸ਼ਾਮਲ ਹੋਏ ਜੋ ਆਪਣੀਆਂ ਸਰਕਾਰਾਂ ਦੇ ਲੀਡਰ ਸਨ ਉਹਨਾਂ ਦੀ ਨੁਮਾਇੰਦਗੀ ਵੀ ਕਰ ਰਹੇ ਸਨ, ਉਹਨਾਂ ਦੇ ਇਕ ਦੋ ਵਿਚਾਰ ਪੇਸ਼ ਕਰਦਾ ਹਾਂ :

ਅਲਹਾਜ ਮੁਹਮੱਦ ਸਲੀਮ ਸਾਹਬ ਹਨ ਵਾਈਸ ਪ੍ਰੈਜ਼ੀਡੰਟ ਨੈਸ਼ਨਲ ਅਸੰਬਲੀ ਗਿਨੀਕਨਾਕਿਰੀ ਕਹਿੰਦੇ ਹਨ ਕਿ ਮੈਂਨੂੰ ਹੱਜ ਕਰਨ ਦਾ ਮੌਕਾ ਮਿਲਿਆ ਹੈ ਅਤੇ ਬਹੁਤ ਸਾਰੇ ਇਸਲਾਮੀ ਦੇਸ਼ਾਂ ਦੇ ਧਾਰਮਕ ਪ੍ਰੋਗਰਾਮਾ ਵਿੱਚ ਸ਼ਾਮਲ ਹੋ ਚੁਕਾ ਹਾਂ ਪਰ ਐਨ੍ਹਾ ਉਮਦਹ ਅਤੇ ਪ੍ਰਸ਼ੰਸਾ ਯੋਗ ਪ੍ਰਬੰਧ ਮੈਂ ਕਿਤੇ ਨਹੀਂ ਦੇਖਿਆ ਅਤੇ ਇਹੋ ਇਸਲਾਮ ਦੀ ਹਕੀਕੀ ਆਤਮਾ ਹੈ ਜੋ ਸਾਨੂੰ ਏਥੇ ਦੇਖਣ ਨੂੰ ਮਿਲੀ । ਆਪ ਲੋਕ ਆਪਣੇ ਕੰਮ ਵਿੱਚ ਸਭ ਤੋਂ ਅੱਗੇ ਹਨ ਅਤੇ ਆਪ ਹੀ ਸਹੀ ਮਾਰਗ'ਤੇ ਹਨ । ਕਹਿੰਦੇ ਹਨ ਮੈਂਨੂੰ ਵਿਸ਼ਵਾਸ਼ ਹੈ ਕਿ ਆਪ ਲੋਕਾਂ ਦੇ ਪਿੱਛੇ ਰੱਬ ਦਾ ਹੱਥ ਹੈ ।

ਸੀਰਾਲੀਉਨ ਦੇ ਇਕ ਮੈਂਬਰ ਆਫ਼ ਪਾਰਲੀਮੈਂਟ ਅਲੀ ਕਲਾਕੋ ਸਾਹਬ ਕਹਿੰਦੇ ਹਨ ਕਿ ਅਹਮਦੀਅਤ ਹੀ ਇਸਲਾਮ ਦਾ ਹਕੀਕੀ ਰੂਪ ਹੈ ਅਹਮਦੀ ਮੁਸਲਮਾਨ ਅਮਨ ਦੀ ਪ੍ਰਗਤੀ ਲਈ ਜੋ ਜਤਨ ਕਰ ਰਹੇ ਹਨ ਉਹ ਪ੍ਰਸ਼ੰਸਾ ਯੋਗ ਹਨ। ਅੱਜ ਕਲ ਇਸਲਾਮ ਦਾ ਨਾਂ ਹਰ ਪਾਸੇ ਆਤੰਕ ਲਈ ਮੜ੍ਹਿਆ ਜਾਂਦਾ ਹੈ ਪਰ ਅਹਮਦੀ ਇਸ ਵਿਚਾਰ ਨੂੰ ਗ਼ਲਤ ਸਾਬਤ ਕਰ ਰਹੇ ਹਨ । ਜਲਸੇ ਦੇ ਪ੍ਰਬੰਧ ਬਹੁਤ ਹੀ ਉਮਦਹ ਸਨ, ਛੋਟੇ ਛੋਟੇ ਬੱਚੇ ਵੀ ਲੋਕਾਂ ਦੀ ਸੇਵਾ ਉਪੱਰ ਲੱਗੇ ਹੋਏ ਸਨ ਇਹ ਦ੍ਰਿਸ਼ ਮਨਮੋਹਕ ਸੀ ਅਤੇ ਮੇਰੇ ਵਿਚਾਰ ਵਿੱਚ ਜਮਾਤ ਅਹਮਦੀਆ ਦੀ ਸਚੱਾਈ ਸਾਬਤ ਕਰਨ ਲਈ ਇਹ ਨਜ਼ਾਰਾ ਹੀ ਬਹੁਤ ਹੈ ।

ਫਿਰ ਤੁਰਕਮਾਨਿਸਤਾਨ ਦੇ ਇਕ ਮਿਤੱਰ ਅਬਦੁਰੱਸ਼ੀਦ ਸਾਹਬ ਸ਼ਾਮਲ ਹੋਏ ਕਹਿੰਦੇ ਹਨ ਜਿਸ ਦਿਨ ਤੋਂ ਲੰਦਨ ਆਇਆ ਹਾਂ ਪ੍ਰੇਮ ਤੇ ਪਿਆਰ ਨਾਲ ਘਿਰਿਆ ਹੋਇਆ ਹਾਂ ਜਿਵੇਂ ਕਿ ਆਪਣੀ ਵਾਸਤਵਿਕ ਮਾਂਪਿਆਂ ਦੇ ਘਰ ਵਿੱਚ ਹਾਂ । ਕਹਿੰਦੇ ਹਨ ਕਿ ਜਲਸੇ ਵਿੱਚ ਸ਼ਾਮਲ ਹੋਕੇ ਮੈਂਨੂੰ ਇਹ ਗੱਲ ਸਮਝ ਆ ਗਈ ਹੈ ਕਿ ਮੈਂ ਆਪਣਾ ਸਾਰਾ ਜੀਵਨ ਰੱਬ ਦੀ ਖੋਜ ਵਿੱਚ ਲੰਘਾਇਆ ਪਰ ਰੱਬ ਨੂੰ ਏਥੇ ਆਣਕੇ ਹੀ ਪਾਇਆ ਹੈ ਮੈਂਨੂੰ ਰੱਬ ਦੀ ਮਿਹਰ ਨਾਲ ਆਲਮੀ ਬੈਅਤ ਦੇ ਮਹਾਨਤਮ ਆਯੋਜਨ ਵਿੱਚ ਸ਼ਾਮਲ ਹੋਕੇ ਬੈਅਤ ਕਰਨ ਦਾ ਸੰਜੋਗ ਪ੍ਰਾਪਤ ਹੋਇਆ ਹੈ ।

ਹਜ਼ੂਰ ਨੇ ਫ਼ਰਮਾਇਆ : ਕਈ ਨਵੇਂ ਅਹਮਦੀ ਜੱਦ ਪ੍ਰੇਮ ਤੇ ਭਾਈਚਾਰੇ ਦੇ ਦ੍ਰਿਸ਼ ਦੇਖਦੇ ਹਨ ਤਾਂ ਉਹਨਾਂ ਦੇ ਇਮਾਨਾਂ ਵਿੱਚ ਹੋਰ ਵਾਧਾ ਹੁੰਦਾ ਹੈ । ਜਮੀਕਾ ਤੋਂ ਸ਼ਾਮਲ ਹੋਣ ਵਾਲੀ ਇਕ ਨਵੀਂ ਅਹਮਦੀ ਇਸਤਰੀ ਵਿਨਸ ਵਿਲਯਮ ਸਾਹਿਬਾ ਕਹਿੰਦੀ ਹਨ ਕਿ ਜਲਸਾ ਸਾਲਾਨਾ ਵਿੱਚ ਖ਼ਲੀਫ਼ਾਤੁਲ ਮਸੀਹ ਦੇ ਭਾਸ਼ਣ ਵਿਸ਼ੇਸ਼ ਕਰਕੇ ਆਲਮੀ (ਅੰਤਰਰਾਸ਼ਟਰੀ) ਬੈਅਤ ਇਕ ਬਹੁਤ ਹੀ ਭਾਵਨਾਤਕਮ ਤਜਰਬਾ ਸੀ । ਜੱਦ ਮੈਂ ਕਾਰਕੁਨਾਂ ਨੂੰ ਨਿਰਸੁਆਰਥ ਸੇਵਾ ਕਰਦਿਆਂ ਦੇਖਿਆ ਤਾਂ ਮੈਂਨੂੰ ਅਹਿਸਾਸ ਹੋਇਆ ਕਿ ਇਹ ਇਕ ਇਲਾਹੀ ਜਮਾਤ ਹੈ ਅਤੇ ਸਮੇਂ ਦੇ ਖ਼ਲੀਫ਼ਾ ਨੂੰ ਸਿੱਧੇ ਰੂਪ ਵਿੱਚ ਰੱਬ ਦੀ ਸਹਾਇਤਾ ਤੇ ਪਖੱਤਾ ਪ੍ਰਾਪਤ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਆਲਮੀ ਬੈਅਤ ਦਾ ਵੀ ਗ਼ੈਰਾਂ'ਤੇ ਬਹੁਤ ਅਸਰ ਹੁੰਦਾ ਹੈ । ਕ੍ਰੋਸ਼ੀਅਨ ਪਾਰਲੀਮੈਂਟ ਦੇ ਮੈਂਬਰ ਅਸੰਬਲੀ ਜਲਸੇ ਵਿੱਚ ਸ਼ਾਮਲ ਹੋਏ, ਆਲਮੀ ਬੈਅਤ ਦੇ ਹਵਾਲੇ ਨਾਲ ਉਹਨਾਂ ਨੇ ਦੱਸਿਆ

ਕਿ ਆਲਮੀ ਬੈਅਤ ਦੇ ਆਯੋਜਨ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਹੈ ਮੈਂ ਇਸਾਈ ਧਰਮ ਦੀ Faithly Confirmation ਦੇ ਆਯੋਜਨ ਵਿੱਚ ਕਈ ਵਾਰ ਸ਼ਾਮਲ ਹੋਇਆ ਹਾਂ, ਪਰ ਜੋ ਭਾਵਨਾਵਾਂ, ਸਚੱਾਈ ਤੇ ਧਰਮ ਨਾਲ ਵਫ਼ਾਦਾਰੀ ਦਾ ਪ੍ਰਣ ਜਮਾਤ ਅਹਮਦੀਆ ਦੀ ਆਲਮੀ ਬੈਅਤ ਵਿੱਚ ਦੇਖਿਆ ਹੈ ਉਹ ਇਕ ਅਜੀਬ ਤੇ ਨਿਰਾਲਾ ਅਤੇ ਹੈਰਾਨੀ ਭਰਿਆ ਤਜਰਬਾ ਸੀ ਜਿਸ ਨੂੰ ਮੈਂ ਸਾਰੀ ਉਮਰ ਚੇਤੇ ਰਖੱਾਂਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪ੍ਰੈਸ ਦਾ ਵੀ ਧਿਆਨ ਇਸ ਪਾਸੇ ਹੋਇਆ ਹੈ । ਜਲਸੇ ਦੇ ਮਾਹੌਲ ਤੋਂ ਪ੍ਰਭਾਵਤ ਹੋਕੇ ਪ੍ਰੈਸ ਵੀ ਹੁਣ ਬਹੁਤ ਸਾਰੀਆਂ ਇਸਲਾਮ ਪ੍ਰਤੀ ਸਹੀ ਖ਼ਬਰਾਂ ਦੇਣ'ਤੇ ਮਜਬੂਰ ਹਨ । ਬੋਲੀਵਿਯਾ ਦੇ ਨੈਸ਼ਨਲ ਨਿਊਜ਼ ਚੈਨਲ ਦੇ ਇਕ ਜਰਨਲਿਸਟ ਨੇ ਆਪਣੇ ਵਿਚਾਰ ਪ੍ਰਕਟ ਕਰਦਿਆ ਹੋਇਆ ਕਿਹਾ ਕਿ ਪਛੱਮੀਆਂ ਅਨੁਸਾਰ ਇਸਲਾਮ ਇਸਤਰੀਆਂ ਨੂੰ ਪਿੱਛੇ ਰਖੱਦਾ ਹੈ ਅਤੇ ਉਹਨਾਂ ਦੀ ਕੋਈ ਹੈਸੀਯਤ (ਸਥਿਤੀ) ਨਹੀਂ ਹੈ ਪਰ ਮੈਂ ਏਥੇ ਦੇਖਿਆ ਕਿ ਇਮਾਮ ਜਮਾਤ ਅਹਮਦੀਆ ਤਾਂ ਉਤੱਮ ਸਫ਼ਲਤਾਵਾਂ ਪ੍ਰਾਪਤ ਕਰਨ ਵਾਲੀਆਂ ਇਸਤਰੀਆਂ ਨੂੰ ਪੁਰੁਸਕਾਰ ਦੇ ਰਹੇ ਹਨ ਅਤੇ ਇਕ ਇਕ ਇਸਤਰੀ ਨੂੰ ਵਿਅਕਤੀਗਤ ਰੂਪ ਵਿੱਚ ਪੁਕਾਰਿਆ ਜਾ ਰਿਹਾ ਹੈ ਤਾਂ ਮੇਰੇ ਮਨ ਵਿੱਚ ਬਹੁਤ ਇਛੱਾ ਪੈਦਾ ਹੋਈ ਕਿ ਮੈਂ ਵਾਪਸ ਜਾਕੇ ਆਪਣੇ ਅਖ਼ਬਾਰ ਵਿੱਚ ਇਸ ਹਵਾਲੇ ਨਾਲ ਅਵਸ਼ ਲਿਖਾਂਗਾ ਕਿ ਦੁਨੀਆ ਵਿੱਚ ਕਦੇ ਕਿਸੇ ਰਹਿਨੁਮਾ ਨੇ ਕੇਵਲ ਇਸਤਰੀਆਂ ਨੂੰ ਸੰਬੋਧਤ ਕਰਕੇ ਭਾਸ਼ਣ ਦਿਤੱਾ ਹੈ, ਕਦੇ ਨਹੀਂ ।

ਬੋਲੀਵਿਆ ਦੇ ਇਕ ਪਤੱਰ ਪ੍ਰੇਰਕ ਕਾਰਲੁਸ ਜਮੀ ਰਿਆਸ ਸਾਹਬ ਕਹਿੰਦੇ ਹਨ ਜਿਸ ਗੱਲ ਨੇ ਮੈਨੂੰ ਜਮਾਤ ਅਹਮਦੀਆ ਬਾਰੇ ਸਭ ਤੋਂ ਅਧਿਕ ਪ੍ਰਭਾਵਤ ਕੀਤਾ ਉਹ ਜਮਾਤ ਅਹਮਦੀਆ ਦਾ ਅਮਨ ਦੀ ਸਥਾਪਨਾ ਲਈ ਜੋਸ਼ ਅਤੇ ਉਸ ਲਈ ਜਤਨ ਹਨ । ਇਹ ਇਕ ਅਜਿਹਾ ਸੰਦੇਸ਼ ਹੈ ਜੋ ਅੱਜ ਦੇ ਦੌਰ ਵਿੱਚ ਬਹੁਤ ਹੀ ਮਹਤੱਵਪੂਰਨ ਤੇ ਜ਼ਰੂਰੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਹਿਰਹਾਲ ਜਲਸੇ ਦੇ ਮਹੌਲ ਅਤੇ ਡਿਊਟੀਆਂ ਦੇਣ ਵਾਲਿਆਂ ਦਾ ਇਕ ਅਸਰ ਹੈ ਜੋ ਹਰ ਇਨਸਾਫ਼ ਪਸੰਦ ਨੂੰ ਪ੍ਰਭਾਵਤ ਕਰਦਾ ਹੈ । ਅਲੱਾਹ ਤਆਲਾ ਹਰ ਡਿਊਟੀ ਦੇਣ ਵਾਲੇ ਨੂੰ ਪ੍ਰਤੀਫ਼ਲ ਪ੍ਰਦਾਨ ਕਰੇ ਅਤੇ ਸ਼ਾਮਲ ਹੋਣ ਵਾਲਿਆਂ ਨੂੰ ਵੀ ਜੋ ਇਸਲਾਮ ਦੇ ਇਸ ਮੌਨ ਤੇ ਅਮਲ ਰੂਪੀ ਪ੍ਰਚਾਰ ਦਾ ਹਿਸੱਾ ਬਣਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪ੍ਰੈਸ ਨੇ ਵੀ ਬਹੁਤ ਚੰਗੀ ਕਵਰੈਜ ਦਿੱਤੀ ਹੈ । ਮੀਡੀਆ ਰਾਹੀਂ ਜਲਸੇ ਦੇ ਹਵਾਲੇ ਨਾਲ 358 ਖ਼ਬਰਾਂ ਪ੍ਰਕਾਸ਼ਤ ਹੋਈਆਂ ਹਨ ਅਤੇ ਇਹਨਾਂ ਵਿੱਚ ਹੁਣ ਹੋਰ ਵੀ ਵਾਧਾ ਹੋ ਰਿਹਾ ਹੈ । ਇਕ ਅਨੁਮਾਨਤ ਅੰਦਾਜ਼ੇ ਅਨੁਸਾਰ ਸਾਰਿਆਂ ਸਾਧਨਾਵਾਂ ਰਾਹੀਂ ਇਕ ਸੌ ਅਠਾਈ ਮਿਲੀਯਨ ਤੋਂ ਵੱਧ ਲੋਕਾਂ ਤੱਕ ਸੰਦੇਸ਼ ਪਹੁੰਚਿਆ ਹੈ । ਅਫ਼ਰੀਕਾ ਵਿੱਚ ਵੀ ਜਲਸਾ ਸਾਲਾਨਾ ਦੀ ਕਵਰੈਜ ਹੋਈ । ਅਫ਼ਰੀਕਾ ਵਿੱਚ ਐਮ.ਟੀ.ਏ. ਅਫ਼ਰੀਕਾ ਤੋਂ ਬਿਨਾ ਦੱਸ ਹੋਰ ਚੈਨਲਜ਼ ਉਪੱਰ ਜਲਸੇ ਦਾ ਪ੍ਰਸਾਰਣ ਦਿਖਾਇਆ ਗਿਆ ਜਿੰਨ੍ਹਾ'ਤੇ ਵੱਖ ਵੱਖ ਦੇਸ਼ਾਂ ਵਿੱਚ ਇਕ ਸੌ ਪੰਜਾਹ ਤੋਂ ਵੱਧ ਘੰਟਿਆਂ ਦੀ ਕਵਰੈਜ ਕੀਤੀ ।

ਰੱਬ ਕਰੇ ਕਿ ਅਸੀਂ ਆਪਣੀਆਂ ਜ਼ਿੰਮਾਦਾਰੀਆਂ ਨੂੰ ਹਮੇਸ਼ਾ ਪੂਰਾ ਕਰਨ ਵਾਲੇ ਹੋਈਏ ਅਤੇ ਰੱਬ ਦੀਆਂ ਮਿਹਰਾਂ ਨੂੰ ਸਮੇਹਨ ਤੇ ਹਮੇਸ਼ਾ ਧਰਮ ਨੂੰ ਦੁਨੀਆ'ਤੇ ਪਹਿਲ ਦਿੰਦਿਆਂ ਹੋਇਆਂ ਆਪਣੇ ਕਰਤਵਾਂ ਨੂੰ ਪੂਰਾ ਕਰਨ ਵਾਲੇ ਹੋਈਏ

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਤਿੰਨ ਮਰਹੂਮੀਨ ਦੀ ਨਮਾਜ਼ ਜਨਾਜ਼ਾਹ ਪੜ੍ਹਾਉਣ ਦਾ ਐਲਾਨ ਕੀਤਾ : ਮੁਕਰੱਮਾ ਸਾਹਿਬਜ਼ਾਦੀ ਜ਼ੱਕੀਯਾਹ ਬੇਗ਼ਮ ਸਾਹਿਬਾ ਸੁਪਤੱਨੀ ਕਰਨਲ ਮਿਰਜ਼ਾ ਦਾਊਦ ਅਹਮਦ ਸਾਹਬ, ਸਪੁੱਤਰੀ ਹਜ਼ਰਤ ਨਵਾਬ ਅਮਤੁਲ ਹਫ਼ੀਜ਼ ਬੇਗ਼ਮ ਸਾਹਿਬਾ ਵ ਨਵਾਬ ਅਬਦੁਲੱਾਹ ਖਾਨ ਸਾਹਬ । ਮੁਕਰੱਮ ਤਾਰਿਕ ਮਸਊਦ ਸਾਹਬ ਮੁਰਬੀ ਸਿਲਸਿਲਾ ਨਜ਼ਾਰਤ ਇਸਲਾਹ ਵ ਇਰਸ਼ਾਦ ਮਰਕਜ਼ਿਆ ਰਬਵਾਹ ਸਪੁੱਤਰ ਮੁਕਰੱਮ ਮਸਊਦ ਅਹਮਦ ਸਾਹਬ । ਮੁਕਰੱਮ ਸ਼ਕੀਲ ਅਹਕਮਦ ਮੁਨੀਰ ਸਾਹਬ ਸਾਬਕ ਮਿਸ਼ਨਰੀ ਇੰਚਾਰਜ ਆਸਟ੍ਰੇਲੀਆ ਸਪੁੱਤਰ ਮੁਕਰੱਮ ਹਕੀਮ ਖ਼ਲੀਲ ਅਹਮਦ ਸਾਹਬ ਮੁੰਘੇਰੀ ।

**Khulasa Khutba Jumma 28.07.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131